Roll No. [ ] [ ] [ ] [ ] [ ] [ ] [ ] [ ] [ ] [ ] [ ] [ ] **Total No. of Pages: 02**

**Total No. of Questions: 09**

**B.Sc. Agriculture (2014 & Onwards) (Sem. – 2)**

# PUNJABI

**M Code: 72363**

**Subject Code: BSAG-207-A**

**Paper ID: [72363]**

**Time: 3 Hrs.** **Max. Marks: 30**

ਨੋਟ :

1. ਭਾਗ (ੳ) ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਇੱਕ ਇੱਕ ਨੰਬਰ ਦਾ ਹੈ।
2. ਭਾਗ (ਅ) ਵਿੱਚ ਪੰਜ ਪ੍ਰਸ਼ਨ ਦਿੱਤੇ ਹਨ। ਹਰ ਇਕ ਪ੍ਰਸ਼ਨ 2½ ਨੰਬਰ ਦਾ ਹੈ। ਵਿਦਿਆਰਥੀ ਨੇ ਪੰਜ ਵਿਚੋਂ ਕੋਈ ਚਾਰ ਪ੍ਰਸ਼ਨ ਕਰਨੇ ਹੋਣਗੇ।
3. ਭਾਗ (ੲ) ਵਿੱਚ ਤਿੰਨ ਪ੍ਰਸ਼ਨ ਦਿੱਤੇ ਹਨ। ਹਰ ਇਕ ਪ੍ਰਸ਼ਨ ਪੰਜ ਨੰਬਰ ਦਾ ਹੈ। ਵਿਦਿਆਰਥੀ ਨੇ ਤਿੰਨ ਵਿਚੋਂ ਕੋਈ ਦੋ ਪ੍ਰਸ਼ਨ ਕਰਨੇ ਹੋਣਗੇ।
4. ਹਰ ਭਾਗ ਦੇ ਸਾਰੇ ਸਵਾਲ ਇਕ ਥਾਂ ਤੇ ਹੀ ਹੱਲ ਕੀਤੇ ਜਾਣ। ਲਿਖਾਈ ਸਾਫ਼ ਤੇ ਸੱਪਸ਼ਟ ਹੋਣੀ ਚਾਹੀਦੀ ਹੈ।

## ਭਾਗ (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ।

ੳ) ਲੇਖ ਦੀਆਂ ਕਿੰਨੀਆਂ ਵੰਨਗੀਆਂ ਹੁੰਦੀਆਂ ਹਨ?

ਅ) ਵਿਚਰਾਤਾਮਕ ਲੇਖ ਕਿਸ ਨੂੰ ਆਖਦੇ ਹਨ?

ੲ) ਸਵੈ-ਜੀਵਨੀ ਵਿੱਚ ਵਿਸਥਾਰ ਜ਼ਰੂਰੀ ਹੁੰਦਾ ਹੈ?

ਸ) ਜੀਵਨੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਹ) ਖੰਡੀ ਤੇ ਅਖੰਡੀ ਧੁਨੀਆਂ ਵਿੱਚ ਕੀ ਅੰਤਰ ਹੈ?

ਕ) ਵਿਅੰਜਨ ਕਿਸ ਨੂੰ ਆਖਦੇ ਹਨ?

ਖ) ਪੈਰ੍ਹਾ ਰਚਨਾ ਦਾ ਪੱਤਰਕਾਰੀ ਵਿੱਚ ਕੀ ਮਹੱਤਵ ਹੈ?

ਗ) ਟਕਸਾਲੀ ਭਾਸ਼ਾ ਕੀ ਹੁੰਦੀ ਹੈ?

ਘ) ਭਾਸ਼ਾ ਤੇ ਸਾਹਿਤਕ ਭਾਸ਼ਾ ਵਿੱਚ ਕੀ ਅੰਤਰ ਹੈ?

ਙ) 'ਏਡਜ ਇੱਕ ਗੰਭੀਰ ਸੰਕਟ' ਲੇਖਕ ਦਾ ਇਸ ਤੋਂ ਕੀ ਭਾਵ ਹੈ?

## ਭਾਗ (ਅ)

**2. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

ਲੋਕ-ਨਾਟਕ ਨਿਝੱਕ, ਆਪ ਮੁਹਾਰਾ ਤੇ ਅਖੜ ਹੁੰਦਾ ਹੈ। ਭਦਰ ਪੁਰਸ਼ ਇਸ ਤੋਂ ਕਤਰਾਉਂਦੇ ਹਨ। ਲੋਕ-ਨਾਟਕ ਵਿੱਚ ਭੋਲਾਪਣ ਹੁੰਦਾ ਹੈ। ਤੁਰੰਤ ਗੱਲ ਘੜ ਕੇ ਮੌਕੇ ਉਤੇ ਘਟਾ ਦੇਣ ਦਾ ਰਸ ਹੈ; ਅਤੇ ਇਸ ਦਾ ਖੇਡਣ-ਢੰਗ ਖੁੱਲ੍ਹਾ-ਡੁੱਲ੍ਹਾ ਹੈ। ਸ਼ਾਸਤਰੀ ਨਾਟਕ ਗੁੰਝਲਦਾਰ, ਚੇਤੰਨ, ਵਿਕਸਿਤ ਤੇ ਨਿਯਮ-ਬੱਧ ਹੁੰਦਾ ਹੈ। ਲੋਕ-ਨਾਟਕ ਘੜ-ਘੜ ਹੈ; ਸ਼ਾਸਤਰੀ ਨਾਟਕ ਕਲਾ ਦੀ ਛੈਣੀ ਨਾਲ ਤ੍ਰਾਸ਼ਿਆ ਹੋਇਆ ਹੈ। ਇਕ ਵਗਦੇ ਦਰਿਆ ਦਾ ਪਾਣੀ ਹੈ; ਦੂਜਾ ਸਰੋਵਰ ਦਾ ਨਿਤਰਿਆ ਹੋਇਆ ਜਲ। ਇਕ ਦਾ ਚੋਖਟਾ ਢਿੱਲਾ ਤੇ ਖਿੰਡਿਆ-ਖਿੰਡਿਆ ਦੂਜੇ ਦਾ ਕੱਸਿਆ ਹੋਇਆ ਤੇ ਉਸ ਵਿੱਚ ਗਣਿਤ ਵਿਦਿਆ ਦਾ ਸਮਤੋਲ ਹੈ। ਇਕ ਪੇਂਡੂ ਹੈ; ਦੂਜਾ ਮੰਦਰਾਂ ਦਰਬਾਰਾਂ ਦੀ ਉਪਜ ਹੈ।

ਪ੍ਰਸ਼ਨ:

ੳ) ਲੋਕ-ਨਾਟਕ ਨਿਝੱਕ, ਆਪ-ਮੁਹਾਰਾ ਤੇ ਅੱਖੜ ਕਿਉਂ ਹੁੰਦਾ ਹੈ?

ਅ) ਲੋਕ-ਨਾਟਕ ਤੇ ਸ਼ਾਸਤਰੀ ਨਾਟਕ ਵਿੱਚ ਕੀ ਅੰਤਰ ਹੈ?

ੲ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

3. ਧੁਨੀ ਵਿਗਿਆਨ ਤੇ ਸਾਰਥਕ ਧੁਨੀ ਵਿਗਿਆਨ ਵਿੱਚ ਕੀ ਅੰਤਰ ਹੈ?

4. ਸਵਰਾਂ ਤੇ ਵਿਅੰਜਨਾਂ ਦਾ ਅੰਤਰ ਸਪੱਸ਼ਟ ਕਰੋ।

5. ਨਾਸਕੀ ਧੁਨੀਆਂ ਬਾਰੇ ਜਾਣਕਾਰੀ ਦਿਉ।

6. ਭਾਸ਼ਾ ਤੇ ਉਪ-ਭਾਸ਼ਾ ਵਿੱਚ ਅੰਤਰ ਦੱਸੋ।

## ਭਾਗ (ੲ)

7. ਹੇਠ ਲਿਖਿਆਂ ਵਿਚੋਂ ਕਿਸੇ ਇੱਕ ਉਤੇ ਲੇਖ ਲਿਖੋ।

ੳ) ਵਾਤਾਵਰਣੀ ਪ੍ਰਦੂਸ਼ਣ ਅਤੇ ਮਨੁੱਖ

ਅ) ਏਡਜ਼ ਇਕ ਗੰਭੀਰ ਸੰਕਟ

ੲ) ਨਾਰੀ ਸ਼ਕਤੀ

8. ਹੇਠ ਲਿਖਿਆਂ ਵਿਚੋਂ ਕਿਸੇ ਇਕ ਉਤੇ ਪੈਰ੍ਹਾ ਰਚਨਾ ਕਰੋ :

ਸਾਇੰਸ ਵਰ ਕਿ ਸਰਾਪ, ਪੰਜਾਬੀ ਕਿਸਾਨਾਂ ਦੀ ਭਾਰਤ ਨੂੰ ਦੇਣ, ਆਬਾਦੀ ਦੀ ਸਮੱਸਿਆ।

9. ਹੇਠ ਲਿਖਿਆਂ ਵਿਚੋਂ ਕਿਸੇ ਇਕ ਦੇ ਜੀਵਨ ਉਤੇ ਲੇਖ ਲਿਖੋ।

ਭਾਈ ਸੁਮੰਦ ਸਿੰਘ, ਬੜੇ ਗੁਲਾਮ ਅਲੀ ਖਾਂ